# ਗੁਰੂ ਨਾਨਕ ਦੇਵ ਰਚਿਤ ਬਾਣੀ ਜਪੁ ਜੀ ਦਾ ਪਾਠਗਤ ਅਧਿਐਨ

(ਪ੍ਰੋ.) ਜਗਬੀਰ ਸਿੰਘ*

'ਜਪੁ ਜੀ' ਗੁਰਮਤਿ ਕਾਵਿ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀ ਬਹੁਤ ਪ੍ਰਸਿੱਧ ਤੇ ਮਹੱਤਵਪੂਰਣ ਬਾਣੀ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਮੂਲ ਮੰਤਰ ਤੋਂ ਬਾਦ ਆਉਂਦੀ ਹੈ ਅਤੇ ਇਸ ਨੂੰ 'ਜਪੁ' ਦੇ ਸਿਰਲੇਖ ਹੇਠਾਂ ਅੰਕਿਤ ਕੀਤਾ ਗਿਆ ਹੈ। ਇਸਦੇ ਨਾਲ 'ਜੀ' ਅਤੇ 'ਸਾਹਿਬ' ਸ਼ਬਦ ਸਤਿਕਾਰ ਵਜੋਂ ਲਾਏ ਜਾਂਦੇ ਹਨ। ਇਸ ਬਾਣੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਗੁਰਮਤਿ ਜੀਵਨ-ਜਾਚ ਦੇ ਮੂਲ ਸਿਧਾਂਤਾਂ ਨੂੰ ਸਾਰ ਰੂਪ ਵਿਚ ਪੇਸ਼ ਕਰਦੀ ਹੈ। ਇਹੀ ਕਾਰਣ ਹੈ ਕਿ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਅਧਿਆਤਮਕ ਸਾਰ ਵੀ ਆਖਿਆ ਗਿਆ ਹੈ।

ਜਪੁ ਜੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕਾਵਿਕਤਾ ਅਤੇ ਦਾਰਸ਼ਨਿਕਤਾ ਦਾ ਅਨੋਖਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸਦਾ ਮੁੱਖ ਵਿਸ਼ਾ ਦਾਰਸ਼ਨਿਕ ਚਿੰਤਨ ਹੈ। ਇਸ ਵਿਚ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਪ੍ਰਸੰਗ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਪਰ ਇਸਦੀ ਪ੍ਰਗਟਾਉ ਵਿਧੀ ਕਾਵਿਕ ਹੈ। ਅਰਥਾਤ ਇਸ ਵਿਚ ਦਾਰਸ਼ਨਿਕ ਵਿਚਾਰਾਂ ਨੂੰ ਕਾਵਿਮਈ ਢੰਗ ਨਾਲ ਪ੍ਰਗਟਾਇਆ ਗਿਆ ਹੈ। ਇਹੀ ਕਾਰਣ ਹੈ ਕਿ ਸਾਹਿਤਕ ਦ੍ਰਿਸ਼ਟੀ ਤੋਂ ਜਪੁ ਜੀ ਨੂੰ ਦਾਰਸ਼ਨਿਕ ਕਾਵਿ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਅਸਲ ਵਿਚ ਇਹ ਗੱਲ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਉੱਤੇ ਲਾਗੂ ਹੁੰਦੀ ਹੈ। ਭਗਤ ਕਬੀਰ ਜੀ ਦਾ ਆਪਣੀ ਬਾਣੀ ਬਾਰੇ ਕਥਨ ਹੈ – ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥[1] ਇੱਥੇ 'ਬ੍ਰਹਮ ਬੀਚਾਰ' ਦਾ ਭਾਵ ਹੈ ਦਾਰਸ਼ਨਿਕ ਚਿੰਤਨ ਜੋ ਬਾਣੀ ਨੂੰ ਸਾਧਾਰਣ ਕਵਿਤਾ ਤੋਂ ਵੱਖ ਕਰ ਦਿੰਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ - ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥੩॥[2] ਗੁਰੂ ਜੀ ਆਖਦੇ ਹਨ ਕਿ ਜੋ ਮੈਂ ਗਾ ਰਿਹਾ ਹਾਂ ਉਹ ਕੋਈ ਗੀਤ ਜਾਂ ਬਿਰਹੜਾ ਨਹੀਂ ਹੈ ਸਗੋਂ ਇਹ ਤਾਂ ਬ੍ਰਹਮ ਵਿਚਾਰ ਹੈ। ਭਾਰਤੀ ਪਰੰਪਰਾ ਅਨੁਸਾਰ ਬ੍ਰਹਮ ਬਾਰੇ ਵਿਚਾਰ ਕਰਨਾ ਦਰਸ਼ਨ ਸ਼ਾਸਤਰ ਦਾ ਵਿਸ਼ਾ ਹੈ। ਪਰ ਗੁਰਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਦਾਰਸ਼ਨਿਕ ਚਿੰਤਨ ਨੂੰ ਤਰਕ ਦੀ ਭਾਸ਼ਾ ਰਾਹੀਂ ਨਹੀਂ ਸਗੋਂ ਕਵਿਤਾ ਦੀ ਬੋਲੀ ਵਿਚ ਪੇਸ਼ ਕਰਦੀ ਹੈ।

ਜਦੋਂ ਅਸੀਂ ਜਪੁ ਜੀ ਦਾ ਪਾਠਗਤ ਅਧਿਐਨ ਕਰਦੇ ਹਾਂ ਤਾਂ ਸੱਭ ਤੋਂ ਪਹਿਲਾਂ ਸਾਡਾ ਧਿਆਨ 'ਮੂਲ ਮੰਤਰ' ਵਲ ਜਾਂਦਾ ਹੈ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੁੰਦਾ ਹੈ। ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਬਾਣੀ ਦਾ ਮੰਗਲਾਚਰਣ ਵੀ ਆਖਿਆ ਜਾਂਦਾ ਹੈ। ਭਾਵੇਂ ਇਹ ਮੂਲ ਮੰਤਰ ਜਪੁ ਜੀ ਬਾਣੀ ਦਾ ਅੰਗ ਨਹੀਂ ਹੈ ਪਰ ਇਸ ਵਿਚ ਪੇਸ਼ ਹੋਏ ਵਿਚਾਰ ਤੇ ਸੰਕਲਪ ਬਹੁਤ ਮਹੱਤਵਪੂਰਣ ਹਨ। ਇਨ੍ਹਾਂ ਦਾ ਜਪੁ ਜੀ ਦੇ ਵਿਸ਼ੈਗਤ ਸਰੋਕਾਰਾਂ ਨਾਲ ਵੀ ਡੂੰਘਾ ਸੰਬੰਧ ਹੈ। ਇਸ ਲਈ ਸੱਭ ਤੋਂ ਪਹਿਲਾਂ ਇਸ 'ਮੂਲ ਮੰਤਰ' ਬਾਰੇ ਚਰਚਾ ਕਰਨੀ ਉਚਿਤ ਹੈ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਇਸ ਮੂਲ ਮੰਤਰ ਵਿਚ ਸੰਸਾਰ ਦੀ ਸਰਬ-ਉੱਚ ਹਸਤੀ ਤੇ ਹੋਂਦ ਦਾ ਸੰਕਲਪ ਸਾਮ੍ਹਣੇ ਆਉਂਦਾ ਹੈ ਜੋ ਇਕ ਹੈ ਅਤੇ ਸਰਬ-ਵਿਆਪਕ ਹੈ। 'ੴ' ਉਸੇ ਸਰਬ-ਉੱਚ ਹਸਤੀ ਦਾ ਪ੍ਰਤੀਕ । ਇਸ ਨੂੰ ਅਕਾਲ ਪੁਰਖ ਜਾਂ ਬ੍ਰਹਮ ਵੀ ਆਖਿਆ ਗਿਆ ਹੈ। ਇਸਦਾ ਨਾਮ ਸਦਾ ਰਹਿਣ ਵਾਲਾ ਹੈ। ਇਹ ਅਕਾਲ ਪੁਰਖ ਹੀ ਸ੍ਰਿਸ਼ਟੀ ਦਾ ਕਰਤਾ ਹੈ ਜੋ ਭੈ ਅਤੇ ਵੈਰ ਤੋਂ ਰਹਿਤ ਹੈ। ਇਸਦਾ ਸਰੂਪ ਕਾਲ ਤੋਂ ਪਰੇ ਹੈ। ਇਹ ਕਿਸੇ ਜੂਨ ਵਿਚ ਨਹੀਂ ਆਉਂਦਾ ਅਤੇ ਇਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਇਸਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੁੰਦੀ ਹੈ। ਇਸ ਤਰ੍ਹਾਂ ਮੂਲ ਮੰਤਰ ਵਿਚ ਉਸ ਅਕਾਲ ਪੁਰਖ ਦੇ ਸੰਕਲਪ ਤੇ ਸਰੂਪ ਨੂੰ ਸਪਸ਼ਟ ਕੀਤਾ ਗਿਆ ਹੈ ਜੋ ਗੁਰਮਤਿ ਵਿਚਾਰਧਾਰਾ ਅਤੇ ਜੀਵਨ ਜਾਚ ਦਾ ਮੂਲ ਆਧਾਰ ਹੈ।

ਇਸ ਤੋਂ ਬਾਦ 'ਜਪੁ' ਸਿਰਲੇਖ ਨਾਲ ਜਪੁ ਜੀ ਦਾ ਆਰੰਭ ਹੁੰਦਾ ਹੈ। ਇਸ ਦੀ ਉਸਾਰੀ ਸ਼ਲੋਕਾਂ ਤੇ ਪਉੜੀਆਂ ਦੇ ਰੂਪ ਵਿਚ ਕੀਤੀ ਗਈ ਹੈ। ਇਸ ਵਿਚ ਦੋ ਸ਼ਲੋਕ ਅਤੇ 38 ਪਉੜੀਆਂ ਹਨ। ਇਕ ਸ਼ਲੋਕ ਰਚਨਾ ਦੇ ਆਰੰਭ ਵਿਚ ਅਤੇ ਦੂਜਾ ਇਸ ਦੇ ਅੰਤ ਉੱਤੇ ਦਿੱਤਾ ਗਿਆ ਹੈ। ਇਨ੍ਹਾਂ ਦੋਹਾਂ ਸ਼ਲੋਕਾਂ ਦੇ ਵਿਚਕਾਰ 38 ਪਉੜੀਆਂ ਹਨ। ਵਿਸ਼ੇ ਦੀ ਉਸਾਰੀ ਦੇ ਪੱਖੋਂ ਇਨ੍ਹਾਂ ਸ਼ਲੋਕਾਂ ਅਤੇ ਪਉੜੀਆਂ ਨੂੰ ਚਾਰ ਚਾਰ ਦੇ ਦਸ ਭਾਵ-ਜੁਟਾਂ ਜਾਂ ਅਰਥ-ਇਕਾਈਆਂ ਵਿਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ "ਪਹਿਲਾ ਜੁਟ ਇਕ ਸ਼ਲੋਕ ਅਤੇ ਪਹਿਲੀਆਂ ਤਿੰਨ ਪਉੜੀਆਂ ਦਾ ਹੈ । ਇਸ ਵਿਚ ਸਚੇ ਪਰਮਾਤਮਾ ਦੇ ਹਰ ਇਕ ਸਰੂਪ ਨੂੰ ਅਜਰ ਅਤੇ ਅਮਰ ਦਸ ਕੇ ਸਾਧਕ ਦੇ ਮਨ ਵਿਚ ਉਸ ਦੀ ਪ੍ਰਾਪਤੀ ਲਈ ਉਤਸੁਕਤਾ ਪੈਦਾ ਕੀਤੀ ਗਈ ਹੈ । ਅਜਿਹੇ ਉਤਸੁਕ ਸਾਧਕ ਲਈ 'ਕੂੜ ਦੀ ਪਾਲਿ' ਨੂੰ ਤੋੜਨਾ ਹੀ ਜੀਵਨ-ਉਦੇਸ਼ ਹੈ । ਇਸ ਨਾਲ ਇਸ ਬਾਣੀ ਦੇ ਵਿਸ਼ੇ ਦਾ ਯਥਾਰਥ ਬੋਧ ਹੁੰਦਾ ਹੈ ਅਤੇ ਨਾਲ ਹੀ ਸੰਕੇਤ ਰੂਪ ਵਿਚ ਉੱਤਰ ਵੀ ਦਿੱਤਾ ਗਿਆ ਹੈ ਕਿ ਪਰਮਾਤਮਾ ਦੇ ਹੁਕਮ ਅਤੇ ਰਜ਼ਾ ਅਨੁਸਾਰ ਹੀ ਜੀਵਨ ਬਤੀਤ ਕਰਨਾ ਚਾਹੀਦਾ ਹੈ । ਤੀਜੀ ਪਉੜੀ ਵਿਚ ਗੁਣ-ਕੀਰਤਨ ਦਾ ਮਹੱਤਵ ਸਥਾਪਿਤ ਹੋਇਆ ਹੈ । ਇਸ ਤਰ੍ਹਾਂ ਪਹਿਲੇ ਸ਼ਲੋਕ ਅਤੇ ਨਾਲ ਲਗਦੀਆਂ ਤਿੰਨ ਪਉੜੀਆਂ ਵਿਚ ਵਿਸ਼ੇ ਦੀ ਭੂਮਿਕਾ ਤਿਆਰ ਕੀਤੀ ਗਈ ਹੈ।"[3]

ਜਪੁ ਦਾ ਅਰਥ ਹੈ ਜਪਣਾ ਜਾਂ ਜਾਪ ਕਰਨਾ। ਇਸ ਤਰ੍ਹਾਂ ਇਹ ਬਾਣੀ ਮਨੁੱਖ ਨੂੰ ਜਾਪ ਕਰਨ ਦਾ ਨਿਰਦੇਸ਼ ਦੇ ਰਹੀ ਹੈ। ਪਰ ਜਾਪ ਕਿਸ ਦਾ ਕਰਨਾ ਹੈ? ਇਸ ਗੱਲ ਦਾ ਪ੍ਰਗਟਾਵਾ ਬਾਣੀ ਦੇ ਪਹਿਲੇ ਸ਼ਲੋਕ ਵਿਚ ਕੀਤਾ ਗਿਆ ਹੈ :

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਅਰਥਾਤ ਉਸ ਪਰਮ ਸੱਚ ਦਾ ਜਾਪ ਕਰੋ ਜਿਸ ਦੀ ਹੋਂਦ ਅਨੰਤ ਕਾਲ (ਆਦਿ ਜੁਗਾਦਿ) ਤੋਂ ਹੈ। ਜੋ ਅੱਜ ਵੀ ਹੈ ਤੇ ਭਵਿੱਖ ਵਿਚ ਵੀ ਹੋਵੇਗਾ। ਇਸ ਸ਼ਲੋਕ ਨੂੰ ਜਪੁ ਜੀ ਦਾ ਮੰਗਲਾਚਰਨ ਵੀ ਆਖਿਆ ਜਾ ਸਕਦਾ ਹੈ। ਇਸ ਵਿਚ ਗੁਰੂ ਕਵੀ ਨੇ ਆਪਣੇ ਇਸ਼ਟ (ਪਰਮ ਸੱਚ) ਦਾ ਵਰਣਨ ਕੀਤਾ ਹੈ। ਬਾਣੀ ਦੇ ਸਿਰਲੇਖ ਰਾਹੀਂ ਇਸੇ ਪਰਮ ਸੱਚ ਦਾ ਜਾਪ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਹ ਅਕਾਲ ਪੁਰਖ ਦੀ ਸਦਾ ਰਹਿਣ ਵਾਲੀ ਤੇ ਸਰਬ-ਵਿਆਪੀ ਹੋਂਦ ਦਾ ਹੀ ਪ੍ਰਗਟਾਵਾ ਹੈ। ਇਸ ਤਰ੍ਹਾਂ ਮੂਲਮੰਤਰ ਅਤੇ ਸ਼ਲੋਕ ਨਾਲ ਆਰੰਭ ਹੋਣ ਵਾਲੀ ਇਹ ਰਚਨਾ ਗੁਰਮਤਿ ਦਰਸ਼ਨ ਦੇ ਬੁਨਿਆਦੀ ਵਿਚਾਰਾਂ ਤੇ ਸਿੱਧਾਂਤਾਂ ਨਾਲ ਜਾਣ-ਪਛਾਣ ਕਰਾਉਂਦੀ ਹੈ।

ਇਸ ਤੋਂ ਬਾਦ ਰਚਨਾ ਦੀ ਪਹਿਲੀ ਪਉੜੀ ਆਉਂਦੀ ਹੈ ਜਿਸ ਵਿਚ ਵਿਚ ਮਨੁੱਖੀ ਜੀਵਨ ਦੀ ਅਧਿਆਤਮਕ ਪ੍ਰਾਪਤੀ ਨੂੰ ਇਕ ਸਮੱਸਿਆਕਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਕਵੀ ਅਨੁਸਾਰ ਮਨੁੱਖ ਦੀ ਸੱਭ ਤੋਂ ਵੱਡੀ ਪ੍ਰਾਪਤੀ ਉਸ ਪਰਮ ਸੱਚ ਦੇ ਅਨੁਰੂਪ ਹੋਣਾ ਜਾਂ ਸਚਿਆਰ ਹੋਣਾ ਹੈ ਜਿਸਦਾ ਵਰਣਨ ਪੂਰਬਲੇ ਸ਼ਲੋਕ ਵਿਚ ਕੀਤਾ ਗਿਆ ਹੈ। ਪਰ ਇਸ ਪਰਮ ਸੱਚ ਦੇ ਅਨੁਰੂਪ ਹੋਣ ਲਈ ਮਨੁੱਖ ਨੂੰ ਆਪਣੀ ਹੋਂਦ ਦੇ ਆਲੇ ਦੁਆਲੇ ਉੱਸਰੀ ਹੋਈ ਕੂੜ ਦੀ ਕੰਧ ਨੂੰ ਤੋੜਨਾ ਪੈਣਾ ਹੈ। ਗੁਰੂ ਜੀ ਨੇ ਮਨੁੱਖੀ ਹੋਂਦ ਦੀ ਇਸ ਕੇਂਦਰੀ ਸਮੱਸਿਆ ਨੂੰ ਪ੍ਰਸ਼ਨ-ਉੱਤਰ ਦੇ ਰੂਪ ਪ੍ਰਸਤੁਤ ਕੀਤਾ ਗਿਆ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਇਹ ਪੰਗਤੀਆਂ ਜਪੁ ਜੀ ਦੇ ਕੇਂਦਰੀ ਵਿਸ਼ੈ ਵਲ ਸੰਕੇਤ ਕਰਦੀਆਂ ਹਨ। ਗੁਰੂ ਕਵੀ ਮਨੁੱਖ ਦੀ ਅਧਿਆਤਮਕ ਪ੍ਰਾਪਤੀ ਬਾਰੇ ਮੂਲ ਪ੍ਰਸ਼ਨ ਉਠਾਉਂਦੇ ਹਨ ਤੇ ਆਪ ਹੀ ਇਸਦਾ ਉੱਤਰ ਵੀ ਦਿੰਦੇ ਹਨ। ਪ੍ਰਸ਼ਨ ਇਹ ਹੈ ਕਿ ਮਨੁੱਖ ਸਚਿਆਰ ਕਿਵੇਂ ਹੋਵੇ ਅਤੇ ਉਸ ਦੀ ਹੋਂਦ ਦੇ ਆਲੇ ਦੁਆਲੇ ਉੱਸਰੀ ਹੋਈ ਕੂੜ ਦੀ ਪਾਲਿ ਜਾਂ ਕੰਧ ਕਿਵੇਂ ਟੁਟੇ? ਇੱਥੇ ਸੱਚ ਅਤੇ ਕੂੜ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਰੱਖਿਆ ਗਿਆ ਹੈ। ਇਨ੍ਹਾਂ ਦਾ ਆਪਸ ਵਿਚ ਕੋਈ ਮੇਲ ਨਹੀਂ। ਸੱਚ ਉਹ ਹੈ ਜੋ ਅਸਲ ਵਿਚ ਹੈ ਤੇ ਸਦਾ ਰਹਿੰਦਾ ਹੈ। ਇਸ ਦੇ ਉਲਟ ਕੂੜ ਉਹ ਹੈ ਜੋ ਹੋਣ ਦਾ ਭਰਮ ਪੈਦਾ ਕਰਦਾ ਹੈ। ਇਸ ਨੂੰ ਮਾਇਆ ਵੀ ਆਖਿਆ ਗਿਆ ਹੈ। ਇਸ ਤਰ੍ਹਾਂ ਸਚਿਆਰ ਹੋਣ ਦਾ ਭਾਵ ਹੈ ਸੱਚ ਦੇ ਅਨੁਰੂਪ ਹੋਣਾ ਜਿਸ ਲਈ ਕੂੜ ਤੋਂ ਨਿਰਲੇਪ ਹੋਣਾ ਜ਼ਰੂਰੀ ਹੈ। ਦੂਸਰੀ ਪੰਗਤੀ ਵਿਚ ਗੁਰੂ ਜੀ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ। ਗੁਰੂ ਜੀ ਆਖਦੇ ਹਨ ਕਿ ਉਸ ਹੁਕਮ ਦੀ ਰਜ਼ਾ ਅਨੁਸਾਰ ਚੱਲੋ ਜੋ ਸਾਡੀ ਹੋਂਦ ਦੇ ਨਾਲ ਲਿਖਿਆ ਹੋਇਆ ਹੈ।

ਗੁਰਬਾਣੀ ਅਨੁਸਾਰ 'ਹੁਕਮ' ਦਾ ਸੰਕਲਪ ਉਸ ਦੈਵੀ ਵਿਧਾਨ ਵਲ ਸੰਕੇਤ ਕਰਦਾ ਹੈ ਜੋ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ। ਮਨੁੱਖ ਇਸ ਦੈਵੀ ਵਿਧਾਨ ਨਾਲ ਇਕਸੁਰ ਹੋ ਕੇ ਹੀ ਸਚਿਆਰ ਹੋ ਸਕਦਾ ਹੈ। ਪਰ ਇਹ ਹੁਕਮ ਕਿਤੇ ਬਾਹਰ ਨਹੀਂ ਸਗੋਂ ਮਨੁੱਖ ਦੇ ਅੰਦਰ ਵਸਦਾ ਹੈ। ਇਸ ਨੂੰ ਪਛਾਨਣ ਲਈ ਅੰਤਰਾਤਮਾ ਵਿਚ ਝਾਤ ਮਾਰਨੀ ਪਵੇਗੀ। ਗੁਰੂ ਜੀ ਅਨੁਸਾਰ ਸਚਿਆਰ ਹੋਣ ਲਈ ਇਹੀ ਮਾਰਗ ਸੱਭ ਤੋਂ ਉੱਤਮ ਹੈ। ਗੁਰੂ ਜੀ ਨੇ ਅਧਿਆਤਮਕ ਸਾਧਨਾ ਦੇ ਹੋਰਨਾਂ ਪ੍ਰਚੱਲਤ ਮਾਰਗਾਂ ਵਲ ਵੀ ਸੰਕੇਤ ਕੀਤਾ ਹੈ ਜਿਨ੍ਹਾਂ ਤੋਂ ਪਰਮ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਜਪੁ ਜੀ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਇਨ੍ਹਾਂ ਬਾਰੇ ਜ਼ਿਕਰ ਕੀਤਾ ਗਿਆ ਹੈ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਇੱਥੇ ਅਧਿਆਤਮ ਸਾਧਨਾ ਵਜੋਂ ਤਨ ਦੀ ਸੁਚ (ਸ਼ੌਚ), ਮਨ ਦੀ ਚੁਪ (ਮੌਨ) ਅਤੇ ਸਰੀਰ ਦੀ ਸੰਤੁਸ਼ਟੀ (ਭੁੱਖ) ਵਲ ਸੰਕੇਤ ਕੀਤਾ ਗਿਆ ਹੈ। ਦੂਸਰੇ ਸ਼ਬਦਾਂ ਵਿਚ ਤੀਰਥਾਂ ਦਾ ਇਸ਼ਨਾਨ ਕਰਨ , ਜੰਗਲਾਂ ਵਿਚ ਜਾ ਕੇ ਸਮਾਧੀ ਲਾਉਣ, ਸਰੀਰਕ ਭੁੱਖਾਂ ਨੂੰ ਸ਼ਾਂਤ ਕਰਨ ਜਾਂ ਬੌਧਿਕ ਸਿਆਣਪਾਂ ਦੇ ਜਿੰਨੇ ਵੀ ਮਾਰਗ ਹਨ ਉਹ ਸਾਰੇ ਨਿਰਾਰਥਕ ਹਨ। ਇਨ੍ਹਾਂ ਨਾਲ ਪਰਮ ਸੱਚ ਦੀ

ਪ੍ਰਾਪਤੀ ਨਹੀਂ ਹੋ ਸਕਦੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਹੁਕਮ ਰਜ਼ਾ ਦੇ ਜੀਵਨ ਨੂੰ ਹੀ ਸਚਿਆਰ ਹੋਣ ਦਾ ਸਹੀ ਮਾਰਗ ਦਰਸਾਇਆ ਹੈ। ਪਰ ਇਹ ਹੁਕਮ ਕੀ ਹੈ? ਜਪੁ ਜੀ ਦੀ ਅਗਲੀ ਪਉੜੀ ਇਸੇ ਪ੍ਰਸ਼ਨ ਨੂੰ ਸੰਬੋਧਿਤ ਹੁੰਦੀ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਇੱਥੇ ਹੁਕਮ ਨੂੰ ਇਕ ਅਜਿਹੇ ਸਰਬ-ਵਿਆਪਕ ਤੱਤ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਸੰਚਾਲਿਤ ਕਰਦਾ ਹੈ। ਇਸ ਦੈਵੀ ਹੁਕਮ ਰਾਹੀਂ ਸ੍ਰਿਸ਼ਟੀ ਦੇ ਸਾਰੇ ਆਕਾਰ ਹੋਂਦ ਵਿਚ ਅਉਂਦੇ ਹਨ ਪਰ ਇਸਦਾ ਕਥਨ ਨਹੀਂ ਕੀਤਾ ਜਾ ਸਕਦਾ। ਇਸੇ ਰਾਹੀਂ ਸਾਰੇ ਜੀਵ ਜਨਮ ਧਾਰਦੇ ਹਨ, ਉੱਤਮ ਨੀਚ ਅਖਵਾਉਂਦੇ ਹਨ, ਦੁੱਖ-ਸੁੱਖ ਹੰਢਾਉਂਦੇ ਹਨ, ਮੁਕਤੀ ਪ੍ਰਾਪਤ ਕਰਦੇ ਹਨ ਜਾਂ ਜਨਮ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਕੋਈ ਵੀ ਇਸ ਦੈਵੀ ਵਿਧਾਨ ਤੋਂ ਬਾਹਰ ਨਹੀਂ। ਜਿਹੜਾ ਵਿਅਕਤੀ ਇਸ ਹੁਕਮ ਨੂੰ ਬੁੱਝ ਲੈਂਦਾ ਹੈ ਉਹ ਹਉਮੈ ਦੀ ਤੰਗ ਵਲਗਣ ਵਿਚੋਂ ਨਿਕਲ ਜਾਂਦਾ ਹੈ। ਹੁਕਮ ਅਨੁਸਾਰ ਜੀਵਨ ਜਿਉਣਾ ਸਮੁੱਚੇ ਬ੍ਰਹਿਮੰਡ ਨਾਲ ਇਕ ਸੁਰ ਹੋ ਕੇ ਜਿਉਣ ਦਾ ਮਾਰਗ ਹੈ। ਗੁਰਮਤਿ ਅਨੁਸਾਰ ਹਉਮੈ ਨੂੰ ਹੁਕਮ ਦੇ ਵਿਰੋਧ ਵਿਚ ਰੱਖ ਕੇ ਦੇਖਿਆ ਗਿਆ ਹੈ।

ਜਪੁ ਜੀ ਦੀ ਤੀਸਰੀ ਪਉੜੀ ਵਿਚ ਇਸੇ ਹੁਕਮ ਦਾ ਹੋਰ ਵਿਸਤਾਰ ਦਿੱਤਾ ਗਿਆ ਹੈ। ਇਸ ਵਿਚ ਹੁਕਮ ਦੇ ਨਾਲ ਨਾਲ ਹੁਕਮੀ (ਅਕਾਲ ਪੁਰਖ) ਦੀ ਸ਼ਕਤੀ ਤੇ ਸਮਰੱਥਾ ਦਾ ਵਰਣਨ ਵੀ ਕੀਤਾ ਗਿਆ ਹੈ। ਇਹ ਅਕਾਲ ਪੁਰਖ ਦਿਸਦਾ ਤਾਂ ਭਾਵੇਂ ਦੂਰ ਹੈ ਪਰ ਵਾਸਤਵ ਵਿਚ ਉਹ ਸਦਾ ਹਾਜ਼ਰ ਰਹਿੰਦਾ ਹੈ। ਸਾਰੇ ਮਾਰਗ ਓਸੇ ਦੇ ਚਲਾਏ ਹੋਏ ਹਨ ਪਰ ਉਹ ਆਪ ਸੱਭ ਕਾਸੇ ਤੋਂ ਨਿਰਲੇਪ ਰਹਿੰਦਾ ਹੈ। ਇਸ ਤਰ੍ਹਾਂ ਸਚਿਆਰ ਹੋਣਾ, ਹੁਕਮ-ਰਜ਼ਾ ਵਿਚ ਰਹਿਣਾ ਜਾਂ ਹਉਮੈ ਦੀ ਭਾਵਨਾ ਤੋਂ ਮੁਕਤ ਹੋਣਾ ਗੁਰਮਤਿ ਜੀਵਨ ਜਾਚ ਦੇ ਮੂਲ ਸਿਧਾਂਤ ਹਨ ਜਿਨ੍ਹਾਂ ਦਾ ਪ੍ਰਗਟਾਵਾ ਮੁੱਢਲੇ ਸ਼ਲੋਕ ਅਤੇ ਇਨ੍ਹਾਂ ਤਿੰਨ ਪਉੜੀਆਂ ਵਿਚ ਕੀਤਾ ਗਿਆ ਹੈ।

ਜਪੁ ਜੀ ਦੀਆਂ ਅਗਲੀਆਂ ਪਉੜੀਆਂ ਵਿਚ ਇਨ੍ਹਾਂ ਹੀ ਮੂਲ ਸਿਧਾਂਤਾਂ ਨੂੰ ਵਿਸਤਾਰ ਨਾਲ ਪੇਸ਼ ਕੀਤਾ ਗਿਆ ਹੈ। ਪਰ ਗੁਰੂ ਕਵੀ ਨੇ ਇਨ੍ਹਾਂ ਵਿਚਾਰਾਂ ਤੇ ਸਿਧਾਂਤਾਂ ਨੂੰ ਕਿਸੇ ਤਾਰਕਿਕ ਵਿਧੀ ਰਾਹੀਂ ਨਹੀਂ ਸਗੋਂ ਖੁਲ੍ਹੇ-ਡੁਲ੍ਹੇ ਕਾਵਿਕ ਢੰਗ ਨਾਲ ਪ੍ਰਗਟਾਇਆ ਹੈ। ਇਨ੍ਹਾਂ ਪਉੜੀਆਂ ਵਿਚ ਪਰਮ ਸੱਚ ਤੇ ਪਰਮਾਰਥ ਦੀ ਪ੍ਰਾਪਤੀ ਨੂੰ ਹੀ ਕੇਂਦਰ ਵਿਚ ਰੱਖਿਆ ਗਿਆ ਹੈ। ਪਰ ਨਾਲ ਹੀ ਇਸ ਪ੍ਰਾਪਤੀ ਦੇ ਸਾਧਨਾਂ ਨੂੰ ਵੀ ਸ਼ਾਇਰਾਨਾ ਢੰਗ ਨਾਲ ਉਲੀਕਿਆ ਗਿਆ ਹੈ।

ਰਚਨਾ ਦੇ ਦੂਸਰੇ ਜੁੱਟ ਵਿਚ ਸਚਿਆਰਤਾ ਪ੍ਰਾਪਤੀ ਲਈ ਗੁਰਮਤਿ ਸਿੱਧਾਂਤਾਂ ਦਾ ਹੀ ਨਿਰੂਪਣ ਕਿਤਾ ਗਿਆ ਹੈ। ਮਸਲਾ ਓਹੀ ਹੈ ਕਿ ਉਸ ਸੱਚੇ ਸਾਹਿਬ (ਪਰਮ ਸੱਚ) ਨਾਲ ਮਿਲਾਪ ਕਿਵੇਂ ਹੋਵੇ ਜਿਸਦਾ ਨਾਮ ਸੱਚ ਹੈ, ਜੋ ਆਪਣੇ ਆਪ ਤੇ ਨਿਰਭਰ ਹੈ

ਤੇ ਜਿਸ ਨੂੰ ਕੋਈ ਥਾਪ ਨਹੀਂ ਸਕਦਾ। ? ਗੁਰੂ ਜੀ ਨੇ ਸੂਤਰ ਰੂਪ ਵਿਚ ਇਸ ਦਾ ਉੱਤਰ ਦਿੱਤਾ ਹੈ – "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ । ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।" ਅੰਮ੍ਰਿਤ ਵੇਲੇ ਉੱਠ ਕੇ ਸੱਚੇ ਨਾਉਂ ਦੀ ਵਡਿਆਈ ਬਾਰੇ ਵਿਚਾਰ ਕਰਨਾ ਧਿਆਨੀ ਇਕਾਗਰਤਾ ਦਾ ਲਖਾਇਕ ਹੈ ਜੋ ਗੁਰਮਤਿ ਮਾਰਗ ਦਾ ਅਨਿੱਖੜ ਅੰਗ ਹੈ। ਇਸ ਦੇ ਨਾਲ ਹੀ 'ਮੋਖੁ ਦੁਆਰ' ਦੀ ਪ੍ਰਾਪਤੀ ਲਈ ਵਲ ਵੀ ਸੰਕੇਤ ਗਿਆ ਹੈ ਜੋ ਕੇਵਲ ਮਨੁੱਖ ਦੇ ਕਰਮਾਂ ਉੱਤੇ ਨਹੀਂ ਸਗੋਂ ਸੱਚੇ ਸਾਹਿਬ ਦੀ ਮਿਹਰ ਭਰੀ ਨਜ਼ਰ ਉੱਤੇ ਨਿਰਭਰ ਕਰਦੀ ਹੈ। ਇਸ ਮਾਰਗ ਦੀ ਸੋਝੀ ਸੱਚੇ ਗੁਰੂ ਦੀ ਅਗਵਾਈ ਰਾਹੀਂ ਹੀ ਸੰਭਵ ਹੈ।

ਰਚਨਾ ਦੇ ਅਗਲੇਰੇ ਦੋ ਜੁੱਟ ਅਧਿਆਤਮ ਸਾਧਨਾ ਲਈ 'ਸ਼੍ਰਵਣ' ਤੇ 'ਮਨਨ' ਦੇ ਮਹੱਤਵ ਨੂੰ ਉਜਾਗਰ ਕਰਦੇ ਹਨ। ਇਨ੍ਹਾਂ ਵਿਚ ਅਕਾਲ ਪੁਰਖ ਦੇ ਸਦਾ ਰਹਿਣ ਵਾਲੇ ਨਾਮ ਦਾ ਸਿਮਰਨ ਕਰਨ, ਉਸ ਨੂੰ ਸੁਣਨ ਅਤੇ ਉਸਦਾ ਮਨਨ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਬਾਣੀ ਅਨੁਸਾਰ ਨਾਮ ਦਾ ਸ਼੍ਰਵਣ ਕਰਨ ਨਾਲ ਮਨੁੱਖ ਨੂੰ 'ਸਤੁ ਸੰਤੋਖੁ ਗਿਆਨੁ' ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸ ਦਾ ਮਨ ਸਹਿਜ ਵਿਚ ਟਿਕ ਜਾਂਦਾ ਹੈ:

ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥

ਇਸੇ ਤਰ੍ਹਾਂ ਮਨਨ ਰਾਹੀਂ ਮਨੁੱਖ ਦੇ ਮਨ ਵਿਚ ਬ੍ਰਹਿਮੰਡੀ ਚੇਤਨਾ ਦਾ ਸੰਚਾਰ ਹੁੰਦਾ ਹੈ :

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥

ਸ਼੍ਰਵਣ ਤੇ ਮਨਨ ਤੋਂ ਬਾਦ ਇਸ ਅਧਿਆਤਮ ਸਾਧਨਾ ਦਾ ਤੀਸਰਾ ਪੜਾਉ ਆਉਂਦਾ ਹੈ ਜਿਸ ਨੂੰ ਨਿਧਿਆਸਨ ਆਖਿਆ ਜਾਂਦਾ ਹੈ। ਇਹ ਨਾਮ ਨੂੰ ਭਗਤੀ ਭਾਵਨਾ ਨਾਲ ਮਨ ਵਿਚ ਵਸਾਉਣ ਦੀ ਸਥਿਤੀ ਹੈ ਜਿਸ ਨਾਲ ਮਨੁੱਖ ਪਾਵਨ ਤੇ ਪਵਿੱਤਰ ਹੋ ਜਾਂਦਾ ਹੈ। ਜਪੁ ਜੀ ਵਿਚ ਇਸ ਅਵਸਥਾ ਨੂੰ 'ਅੰਤਰਗਤ ਤੀਰਥ' ਆਖਿਆ ਗਿਆ ਹੈ :

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥

ਅਧਿਆਤਮ ਸਾਧਨਾ ਦੀ ਇਸ ਪ੍ਰਕਿਰਿਆ ਵਿਚੋਂ ਲੰਘ ਕੇ ਮਨੁੱਖ ਦੈਵੀ ਸੱਤਾ ਵਲੋਂ ਚੁਣੇ ਹੋਏ 'ਪੰਚ ਪ੍ਰਧਾਨ' ਦੀ ਆਦਰਸ਼ਕ ਪਦਵੀ ਹਾਸਿਲ ਕਰ ਲੈਂਦਾ ਹੈ।

ਇਸ ਤੋਂ ਉਪਰੰਤ ਰਚਨਾ ਦੇ ਅਗਲੇਰੇ ਭਾਵ-ਜੁੱਟਾਂ ਵਿਚ ਸ੍ਰਿਸ਼ਟੀ ਦੇ ਰਹੱਸਮਈ ਵਿਸਤਾਰ ਬਾਰੇ ਅਤੇ ਇਸ ਦੇ ਨੈਤਿਕ ਆਧਾਰ (ਧਰਮ) ਦਾ ਵਰਣਨ ਕੀਤਾ ਗਿਆ ਹੈ। ਮਹਾਨਕੋਸ਼ ਅਨੁਸਾਰ ਧਰਮ ਉਹ ਹੈ ਜੋ ਧਾਰਣ ਕਰਦਾ ਹੈ ਅਰਥਾਤ ਇਹ ਸਮਾਜਕ ਵਿਵਸਥਾ ਦਾ ਨੈਤਿਕ ਆਧਾਰ ਹੈ। ਗੁਰੂ ਕਵੀ ਨੇ ਭਾਰਤੀ ਵਿਰਸੇ ਦੀ ਇਕ ਲੋਕਧਾਰਾਈ ਮਿਥਕ ਧਾਰਣਾ ਰਾਹੀਂ ਧਰਮ ਦੇ ਸੰਕਲਪ ਤੇ ਸਰੂਪ ਨੂੰ ਸਪਸ਼ਟ ਕੀਤਾ ਹੈ। ਮਿਥਕ ਧਾਰਣਾ ਇਹ ਹੈ ਕਿ ਧਰਤੀ ਇਕ ਪੌਰਾਣਿਕ ਬਲਦ ਦੇ ਸਿੰਗਾਂ ਉੱਤੇ ਟਿਕੀ ਹੋਈ ਹੈ। ਗੁਰੂ ਕਵੀ ਨੇ ਇਸ ਮਿਥਕ ਨੂੰ ਪ੍ਰਤੀਕਾਤਮਕ ਅਰਥਾਂ ਵਿਚ ਗ੍ਰਹਿਣ ਕਰਦਿਆਂ ਇਸਦੀ ਨਵੀਂ ਵਿਆਕਿਆ ਪੇਸ਼ ਕੀਤੀ ਹੈ :

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥

ਇੱਥੇ ਧਰਮ ਦੀ ਤੁਲਨਾ ਪ੍ਰਤੀਕਾਤਮਕ ਤੌਰ ਤੇ ਧਰਤੀ ਹੇਠਲੇ ਪੌਰਾਣਿਕ ਬਲਦ (ਧੌਲ) ਨਾਲ ਕੀਤੀ ਗਈ ਹੈ। ਜਿਸ ਤਰ੍ਹਾਂ ਧੌਲ ਨੇ ਧਰਤੀ ਨੂੰ ਆਪਣੇ ਸਿੰਗਾਂ ਉੱਤੇ ਟਿਕਾਇਆ ਹੋਇਆ ਹੈ ਓਸੇ ਤਰ੍ਹਾਂ ਧਰਮ ਨੇ ਵੀ ਦਇਆ ਤੇ ਸੰਤੋਖ ਵਰਗੀਆਂ ਨੈਤਿਕ ਕਦਰਾਂ-ਕੀਮਤਾਂ ਰਾਹੀਂ ਸਮਾਜ ਵਿਚ ਵਿਵਸਥਾ ਕਾਇਮ ਕੀਤੀ ਹੋਈ ਹੈ। ਗੁਰੂ ਕਵੀ ਮਨੁੱਖ ਨੂੰ ਸ੍ਰਿਸ਼ਟੀ ਦੇ ਇਸ ਨੈਤਿਕ ਵਿਧਾਨ ਨੂੰ ਸਮਝਣ ਅਤੇ ਇਸ ਦੇ ਅਨੁਕੂਲ ਜੀਵਨ ਜਿਉਣ ਦੀ ਪ੍ਰੇਰਣਾ ਦਿੰਦੇ ਹਨ – "ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ।" ਇਸੇ ਤਰ੍ਹਾਂ ਗੁਰੂ ਕਵੀ ਨੇ ਸ੍ਰਿਸ਼ਟੀ ਰਚਨਾ ਨੂੰ ਇਕ ਅਜਿਹਾ ਰਹੱਸ ਆਖਿਆ ਹੈ ਜੋ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ। ਉਨ੍ਹਾਂ ਦੇ ਸ਼ਬਦਾਂ ਵਿਚ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ . . .

ਗੁਰੂ ਕਵੀ ਅਨੁਸਾਰ ਸ੍ਰਿਸ਼ਟੀ ਦੇ ਇਸ ਰਹੱਸ ਨੂੰ ਅਤੇ ਇਸ ਦੇ ਪਾਰਾਵਾਰ ਨੂੰ ਸ੍ਰਿਸ਼ਟੀ ਦਾ ਕਰਤਾ ਹੀ ਜਾਣ ਸਕਦਾ ਹੈ ਹੋਰ ਕੋਈ ਨਹੀਂ। ਇਹ ਵੀ ਕੋਈ ਨਹੀਂ ਜਾਣ ਸਕਦਾ ਕਿ ਉਸ ਸਰਬ-ਉੱਚ ਹਸਤੀ ਦਾ ਦਰ-ਗਰ ਕਿਹੜਾ ਹੈ ਜਿੱਥੇ ਬੈਠ ਕੇ ਉਹ ਇਸਦੀ ਦੇਖ-ਭਾਲ ਕਰਦਾ ਹੈ। ਜਪੁ ਜੀ ਵਿਚ ਇਨ੍ਹਾਂ ਸਾਰੇ ਵੇਰਵਿਆਂ ਨੂੰ ਕਾਵਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਰਚਨਾ ਦੇ ਅਗਲੇਰੇ ਭਾਗ ਵਿਚ ਪੰਜ ਖੰਡਾਂ ਦਾ ਵਰਣਨ ਕੀਤਾ ਗਿਆ ਹੈ ਜੋ ਇਸ ਦੀ ਵਿਸ਼ੈ ਉਸਾਰੀ ਵਿਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਇਹ ਪੰਜ ਖੰਡ ਹਨ – ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ। ਇਹ ਮਨੁੱਖ ਦੀ ਅਧਿਆਤਮਕ ਯਾਤਰਾ ਅਤੇ ਨੈਤਿਕ ਚੇਤਨਾ ਦੇ ਵਿਕਾਸ ਨਾਲ ਸੰਬੰਧ ਰੱਖਦੇ ਹਨ। ਡਾ. ਰਤਨ ਸਿੰਘ ਜੱਗੀ ਦੇ ਸ਼ਬਦਾਂ ਵਿਚ "ਪੰਜ ਖੰਡ ਗੁਰੂ ਨਾਨਕ ਦੇਵ ਜੀ ਦੀ ਮੌਲਿਕ ਅਧਿਆਤਮਿਕ ਅਨੁਭੂਤੀ ਦੇ ਵਾਚਕ ਹਨ । ਇਹ ਖੰਡ ਉਤਰੋਤਰ ਸੂਖਮ ਹੁੰਦੇ ਗਏ ਹਨ।" [4] ਇਨ੍ਹਾਂ ਵਿਚੋਂ ਪਹਿਲਾ ਖੰਡ ਧਰਮ ਨਾਲ ਸੰਬੰਧਿਤ ਹੈ। ਇਹ ਸ੍ਰਿਸ਼ਟੀ ਨੂੰ ਸੰਚਾਲਿਤ ਕਰਨ ਵਾਲੇ ਨੈਤਿਕ ਵਿਧਾਨ ਦਾ ਸੂਚਕ ਹੈ। ਇਸ ਵਿਚ ਧਰਤੀ ਨੂੰ 'ਧਰਮ ਸਾਲ' ਆਖਿਆ ਗਿਆ ਹੈ ਜਿੱਥੇ ਸੱਚੇ ਦੇ ਦਰਬਾਰ ਵਿਚ ਸ੍ਰਿਸ਼ਟੀ ਦੇ ਸਮੂਹ ਜੀਵਾਂ ਦੇ ਕੰਮਾਂ ਕਾਰਾਂ ਦਾ ਲੇਖਾ ਹੁੰਦਾ ਹੈ :

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥

ਇਹ ਖੰਡ ਮਨੁੱਖ ਦੀ ਨੈਤਿਕ ਉੱਚਤਾ ਦਾ ਲਖਾਇਕ ਹੈ ਜਿੱਥੇ ਪੁੰਨ-ਪਾਪ, ਤੇ ਸ਼ੁਭ-ਅਸ਼ੁੱਭ ਦੀ ਪਰਖ ਹੁੰਦੀ ਹੈ। ਇਹ ਖੰਡ ਮਨੁੱਖ ਦੇ ਅਗਲੇਰੇ ਅਧਿਆਤਮਕ ਵਿਕਾਸ ਦਾ ਆਧਾਰ ਬਣਦਾ ਹੈ। ਇਸਤੋਂ ਅਗਲਾ ਖੰਡ ਗਿਆਨ ਦੀ ਪ੍ਰਧਾਨਤਾ ਨਾਲ ਸੰਬੰਧ ਰੱਖਦਾ ਹੈ। ਇਹ ਮਨੁੱਖ ਦੀ ਅਜਿਹੀ ਅਧਿਆਤਮਕ ਅਵਸਥਾ ਹੈ ਜੋ ਗਿਆਨ ਅਤੇ ਆਨੰਦ ਦੀ ਪ੍ਰਚੰਡਤਾ ਦਾ ਧਰਾਤਲ ਹੈ : " ਗਿਆਨ ਖੰਡ ਮਹਿ ਗਿਆਨੁ ਪਰਚੰਡੁ। ਤਿਥੈ ਨਾਦ ਬਿਨੋਦ ਕੋਡ ਅਨੰਦੁ।"

ਤੀਸਰਾ ਖੰਡ ਮਿਹਨਤ, ਮੁਸ਼ਕਤ, ਉਦਮ, ਤਪੱਸਿਆ ਅਤੇ ਸਾਧਨਾ ਦਾ ਲਖਾਇਕ ਹੈ ਜਿੱਥੇ 'ਸੁਰਤਿ ਮਤਿ ਮਨਿ ਬੁਧਿ' ਦੀ ਘਾੜਤ ਹੁੰਦੀ ਹੈ ਅਰਥਾਤ ਜਿੱਥੇ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕ ਚੇਤਨਾ ਦਾ ਵਿਕਾਸ ਹੁੰਦਾ ਹੈ :

ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਚੌਥੀ ਅਧਿਆਤਮਕ ਅਵਸਥਾ ਨੂੰ ਕਰਮ ਖੰਡ ਦਾ ਨਾਮ ਦਿੱਤਾ ਗਿਆ ਹੈ। ਕਰਮ ਦਾ ਭਵ ਹੈ ਕਿਰਪਾ ਜਾਂ ਮਿਹਰ। ਇਹ ਅਵਸਥਾ ਸੱਚੇ ਸਾਹਿਬ ਦੀ ਸ਼ਕਤੀ ਦੀ ਲਖਾਇਕ ਹੈ। ਇੱਥੇ ਅਧਿਆਤਮਕ ਸ਼ਕਤੀ ਵਾਲੇ ਭਗਤ ਅਤੇ ਮਹਾਬਲੀ ਯੋਧੇ ਨਿਵਾਸ ਕਰਦੇ ਹਨ ਜਿਨ੍ਹਾਂ ਦੇ ਮਨ ਵਿਚ ਰਾਮ ਵਸਦਾ ਹੈ ਤੇ ਉਹ ਸਦਾ ਆਨੰਦ ਵਿਚ ਰਹਿੰਦੇ ਹਨ:

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥

ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥

ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥

ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥

ਪੰਜਵਾਂ ਖੰਡ ਉਸ ਪਰਮ ਸੱਚ (ਬ੍ਰਹਮ) ਨਾਲ ਸੰਬੰਧਿਤ ਹੈ ਜੋ ਨਿਰਗੁਣ ਨਿਰਾਕਾਰ ਹੈ। ਗੁਰੂ ਜੀ ਨੇ ਇਸ ਨੂੰ ਨਿਰੰਕਾਰ ਆਖਿਆ ਹੈ ਜੋ ਆਪਣੀ ਸਾਜੀ ਹੋਈ ਸ੍ਰਿਸ਼ਟੀ ਨੂੰ ਦੇਖ ਕੇ ਨਿਹਾਲ ਹੁੰਦਾ ਹੈ। ਇਸ ਵਿਚ ਖੰਡਾਂ, ਮੰਡਲਾਂ ਤੇ ਬ੍ਰਹਿਮੰਡਾਂ ਦਾ ਅਨੰਤ ਵਿਸਤਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸਦਾ ਕੋਈ ਪਾਰਾਵਾਰ ਨਹੀਂ। ਇਸ ਅਵਸਥਾ ਦਾ ਕਥਨ ਕਰਨਾ ਮਨੁੱਖੀ ਸਮਰੱਥਾ ਤੋਂ ਬਾਹਰ ਹੈ :

ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥

ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥

ਖੰਡਾਂ ਦਾ ਵਰਣਨ ਪੇਸ਼ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਸੁਨਿਆਰੇ ਦੀ ਭੱਠੀ ਦੇ ਰੂਪਕ ਰਾਹੀਂ 'ਸ਼ਬਦ' ਦੀ ਸੱਚੀ ਟਕਸਾਲ ਦਾ ਚਿਤ੍ਰਣ ਕੀਤਾ ਹੈ। ਇਹ ਰੂਪਕ ਰੂਹਾਨੀ ਚੇਤਨਾ ਅਤੇ ਗੁਰਮਤਿ ਜੀਵਨ ਜਾਚ ਦੀ ਨਿਸ਼ਾਨਦੇਹੀ ਕਰਦਾ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥

ਜਪੁ ਜੀ ਦੇ ਅੰਤ ਉੱਤੇ ਸ਼ਲੋਕ ਅੰਕਿਤ ਹੈ ਜਿਸ ਵਿਚ ਜੀਵਨ, ਜਗਤ ਅਤੇ ਪ੍ਰਕਿਰਤੀ ਦਾ ਵਿਰਾਟ ਬਿੰਬ ਸਿਰਜਿਆ ਗਿਆ ਹੈ। ਇਸ ਵਿਚ ਮਨੁੱਖੀ ਹੋਂਦ ਲਈ ਪੌਣ, ਪਾਣੀ, ਧਰਤੀ, ਦਿਨ ਅਤੇ ਰਾਤ ਵਰਗੇ ਪ੍ਰਕਿਰਤਕ ਵਰਤਾਰੇ ਦਾ ਮਹੱਤਵ ਉਜਾਗਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਨੁੱਖ ਨੂੰ ਉਸ ਦੇ ਕੰਮਾਂ-ਕਾਰਾਂ (ਕਰਮਾਂ) ਅਤੇ ਨੇਕੀਆਂ-ਬਦੀਆਂ ਲਈ ਦੈਵੀ ਸੱਤਾ ਦੇ ਸਨਮੁੱਖ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਜੀਵਨ ਦੀ ਇਸ ਕਰਮ-ਭੂਮੀ ਵਿਚ 'ਮੁਸਕਤਿ' ਘਾਲਣ ਵਾਲਿਆਂ (ਕਿਰਤ ਕਰਨ ਵਾਲਿਆਂ) ਅਤੇ ਨਾਮ ਧਿਆਉਣ ਵਾਲਿਆਂ ਅਰਥਾਤ ਪਰਮ ਸੱਚ ਨਾਲ ਧਿਆਨੀ ਇਕਾਗਰਤਾ ਦਾ ਰਿਸ਼ਤਾ ਜੋੜਨ ਵਾਲਿਆਂ ਦਾ ਹੀ ਸੰਸਾਰ ਵਿਚ ਮੁੱਖ ਉਜਲਾ ਹੁੰਦਾ ਹੈ ਅਤੇ ਉਹ ਜੀਵਨ ਦੀ ਸਰਬ-ਉੱਚ ਰੂਹਾਨੀ ਅਵਸਥਾ (ਮੁਕਤੀ) ਦੀ ਪ੍ਰਾਪਤੀ ਕਰਦੇ ਹਨ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

---

[1] *ਸ੍ਰੀ ਗੁਰੂ ਗ੍ਰੰਥ ਸਾਹਿਬ*, 335.

[2] *ਓਹੀ*, 581.

[3] 'ਜਪੁ ਜੀ' ਡਾ. ਰਤਨ ਸਿੰਘ ਜੱਗੀ, ਸਰੋਤ: *ਸਿੱਖ ਪੰਥ ਵਿਸ਼ਵਕੋਸ਼*, ਗੁਰ ਰਤਨ ਪਬਲਿਸ਼ਰਜ਼, ਪਟਿਆਲਾ।

[4] 'ਪੰਜ ਖੰਡ', ਓਹੀ